# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ/ਸੈਸ਼ਨ 2016-17 ਵਿੱਚ ਨੌਵੀਂ ਸ਼੍ਰੇਣੀ ਦੀਆਂ ਆਨਲਾਈਨ ਰਜਿਸਟਰੇਸ਼ਨ ਭਰਨ ਸਮੇਂ ਜੇਕਰ ਕੋਈ ਤਰੁੱਟੀ ਰਹਿ ਗਈ ਹੈ, ਤਾਂ ਮਿਤੀ 17-03-2017 ਤੋਂ 31-03-2017 ਤੱਕ (ਕੇਵਲ ਰਜਿਸਟਰੇਸ਼ਨ ਨੰਬਰ ਅਤੇ ਜਨਮ ਮਿਤੀ ਦੀ ਸੋਧ ਨੂੰ ਛੱਡ ਕੇ) ਸਕੂਲ ਆਪਣੇ ਪੱਧਰ ਤੇ ਅਤੇ 10+1 ਸ਼੍ਰੇਣੀ ਦੀ ਸਟਰੀਮ ਦੀ ਸੋਧ ਮਿਤੀ 17-03-2017 ਤੋਂ 31-03-2017 ਤੱਕ ਬਿਨ੍ਹਾਂ ਫੀਸ ਤੋਂ ਆਨਲਾਈਨ ਕਰ ਸਕਦੇ ਹਨ। ਜਨਮ ਮਿਤੀ ਅਤੇ ਰਜਿਸਟਰੇਸ਼ਨ ਨੰਬਰ ਦੀ ਸੋਧ ਲਈ ਲੋੜੀਂਦੇ ਦਸਤਾਵੇਜ਼ (ਜਨਮ ਮਿਤੀ ਦੇ ਸਰਟੀਫਿਕੇਟ, ਦਾਖਲਾ ਖਾਰਜ ਰਜਿਸਟਰ, ਦਾਖਲਾ ਖਾਰਜ ਰਜਿਸਟਰ ਵਿੱਚ ਕੱਟਿੰਗ ਹੋਣ ਦੀ ਸੂਰਤ ਵਿੱਚ ਸਮਰੱਥ ਅਧਿਕਾਰੀ ਭਾਵ ਸਰਕਾਰੀ ਸਕੂਲ ਹੋਣ ਦੀ ਸੂਰਤ ਵਿੱਚ ਜ਼ਿਲਾ ਸਿੱਖਿਆ ਅਧਿਕਾਰੀ ਅਤੇ ਐਫੀਲੀਏਟਡ ਸਕੂਲ ਹੋਣ ਦੀ ਸੂਰਤ ਵਿੱਚ ਮੈਨੇਜਰ, ਜ਼ਿਲਾ ਖੇਤਰੀ ਡਿਪੂ ਤੋਂ counter-signed, ਜੇਕਰ ਕੋਈ ਹੇਠਲੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੈ ਸਰਟੀਫਿਕੇਟ, ਦੀਆਂ ਤਸਦੀਕਸ਼ੁਦਾ ਫੋਟੋਕਾਪੀਆਂ) ਚੈੱਕ ਕਰਨ ਉਪਰੰਤ ਹੀ ਸੋਧ ਕੀਤੀ ਜਾਵੇਗੀ । ਜਨਮ ਮਿਤੀ ਅਤੇ ਰਜਿਸਟਰੇਸ਼ਨ ਨੰਬਰ ਦੀ ਸੋਧ ਮਿਤੀ 17-03-2017 ਤੋਂ 31-03-2017 ਤੱਕ ਬਿਨਾਂ ਫੀਸ ਰਜਿਸਟਰੇਸ਼ਨ ਸ਼ਾਖਾ ਵੱਲੋਂ ਕੀਤੀ ਜਾਵੇਗੀ । ਇਸ ਉਪਰੰਤ ਮਿੱਥੀ ਮਿਤੀ ਤੋਂ ਬਾਅਦ 150/- ਰੁਪਏ ਪ੍ਰਤੀ ਤਰੁੱਟੀ ਸਕੂਲ ਵੱਲੋਂ ਭਰੇ ਗਏ ਸੋਧ ਪ੍ਰੋਫਾਰਮੇ ਤੇ ਸੋਧ ਫੀਸ ਲੈ ਕੇ ਨੌਵੀਂ/ਗਿਆਰਵੀਂ ਸ਼੍ਰੇਣੀ ਦੀ ਸੋਧ ਰਜਿਸਟਰੇਸ਼ਨ ਸ਼ਾਖਾ ਵੱਲੋਂ ਕੰਟੀਨਿਊਏਸ਼ਨ /ਰਜਿਸਟਰੇਸ਼ਨ ਦੀਆਂ ਬਿਨਾਂ ਲੇਟ ਫੀਸ ਮਿਤੀਆਂ ਤੱਕ ਹੋਵੇਗੀ। ਸਕੂਲਾਂ ਵੱਲੋਂ ਆਪਣੇ ਪੱਧਰ ਤੇ ਕੀਤੀ ਸੋਧ ਦੀ ਕਾਪੀ ਆਪਣੇ ਕੋਲ ਰਿਕਾਰਡ ਹਿੱਤ ਰੱਖਣ। ਬੋਰਡ ਵੱਲੋਂ ਇਹ ਕਾਪੀ ਲੋੜ ਪੈਣ ਤੇ ਮੰਗਵਾਈ ਜਾ ਸਕਦੀ ਹੈ।

ਇਸ ਤੋਂ ਇਲਾਵਾ ਸਾਲ/ਸੈਸ਼ਨ 2016-17 ਲਈ ਨੌਵੀਂ/ਗਿਆਰਵੀਂ ਸ਼੍ਰੇਣੀ ਦਾ ਨਤੀਜਾ ਸਕੂਲ ਆਪਣੇ ਪੱਧਰ ਤੇ 3 ਅਪ੍ਰੈਲ, 2017 ਤੋਂ 28 ਅਪ੍ਰੈਲ, 2017 ਤੱਕ ਆਨਲਾਈਨ ਕਰ ਸਕਦੇ ਹਨ ਅਤੇ ਜਿਹੜੇ ਵਿਦਿਆਰਥੀ ਨੌਵੀਂ/ਗਿਆਰਵੀਂ ਸ਼੍ਰੇਣੀ ਪਾਸ ਕਰਕੇ ਕਿਸੇ ਹੋਰ ਸਕੂਲ ਵਿੱਚ ਜਾਂਦੇ ਹਨ, ਤਾਂ ਉਹਨਾਂ ਦਾ ਟਰਾਂਸਫਰ ਸਰਟੀਫਿਕੇਟ ਸਕੂਲ ਆਪਣੇ ਪੱਧਰ ਤੇ 3 ਅਪ੍ਰੈਲ, 2017 ਤੋਂ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ ਆਨਲਾਈਨ ਜਨਰੇਟ ਕਰ ਸਕਦੇ ਹਨ। ਕੇਵਲ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਾਈਟ ਤੇ ਪਿਆ ਟਰਾਂਸਫਰ ਸਰਟੀਫਿਕੇਟ ਹੀ ਮੰਨਣਯੋਗ ਹੋਵੇਗਾ।

ਸਕੱਤਰ